ਮਿੱਠੇ ਬੱਚੇ:- "ਮਿੱਠੇ ਬੱਚੇ - ਤੁਸੀਂ ਕਲਿਆਣਕਾਰੀ ਬਾਪ ਦੇ ਬੱਚਿਆ ਦਾ ਫ਼ਰਜ਼ ਹੈ, ਸਭ ਦਾ ਕਲਿਆਣ ਕਰਨਾ, ਸਭ ਨੂੰ ਬਾਪ ਦੀ ਯਾਦ ਦਿਵਾਉਣਾ ਅਤੇ ਗਿਆਨ ਦਾਨ ਦੇਣਾ"

ਪ੍ਰਸ਼ਨ:- ਬਾਬਾ ਮਹਾਂਰਥੀ ਕਿਹੜੇ ਬੱਚਿਆਂ ਨੂੰ ਕਹਿੰਦੇ ਹਨ ਅਤੇ ਉਨ੍ਹਾਂ ਦੀ ਨਿਸ਼ਾਨੀ ਕੀ ਹੋਵੇਗੀ?

ਉੱਤਰ:- ਜੋ ਚੰਗੀ ਤਰ੍ਹਾਂ ਪੜ੍ਹਦੇ ਅਤੇ ਪੜ੍ਹਾਉਂਦੇ ਹਨ, ਜਿਨ੍ਹਾਂ ਤੇ ਸਦਾ ਬ੍ਰਹਸਪਤੀ ਦੀ ਦਸ਼ਾ ਹੈ, ਜੋ ਆਪਣੀ ਅਤੇ ਸਾਰਿਆਂ ਦੀ ਉੱਨਤੀ ਦਾ ਸਦਾ ਖਿਆਲ ਰਖਦੇ ਹਨ। ਜੋ ਯੱਗ ਦੀ ਸੇਵਾ ਵਿੱਚ ਹੱਡੀ ਸੇਵਾ ਕਰਦੇ ਹਨ, ਜੋ ਬਾਬਾ ਦੇ ਕੰਮ ਵਿਚ ਮਦਦਗਾਰ ਰਹਿੰਦੇ ਹਨ - ਉਹ ਹਨ ਮਹਾਰਥੀ ਇਸ ਤਰ੍ਹਾਂ ਦੇ ਮਹਾਂਰਥੀ ਬੱਚਿਆਂ ਨੂੰ ਬਾਬਾ ਕਹਿੰਦੇ ਹਨ ਇਹ ਹਨ ਮੇਰੇ ਸਪੂਤ ਬੱਚੇ।

ਓਮ ਸ਼ਾਂਤੀ। ਅੱਜ ਕੱਲ ਬੱਚੇ ਸ਼ਿਵ ਜਯੰਤੀ ਲਈ ਤਿਆਰੀਆਂ ਕਰ ਰਹੇ ਹਨ। ਕਾਰਡ ਆਦਿ ਵੀ ਛਪਾਉਂਦੇ ਹਨ। ਬਾਪ ਨੇ ਸਮਝਾਇਆ ਤਾਂ ਬੜੀ ਵਾਰੀ ਹੈ। ਸਾਰੀ ਮੁੱਖ ਗੱਲ਼ ਤਾਂ ਗੀਤਾ ਤੇ ਹੈ। ਮਨੁੱਖਾਂ ਦੀ ਬਣਾਈ ਹੋਈ ਗੀਤਾ ਨੂੰ ਪੜ੍ਹਦੇ - ਪੜ੍ਹਦੇ ਅੱਧਾਕਲਪ ਹੇਠਾਂ ਉਤਰਦੇ ਆਏ ਹਨ। ਇਹ ਵੀ ਤੁਸੀਂ ਬੱਚੇ ਸਮਝਦੇ ਹੋ - ਅੱਧਾਕਲਪ ਹੈ ਦਿਨ ਅਤੇ ਅੱਧਾਕਲਪ ਹੈ ਰਾਤ। ਹੁਣ ਬਾਬਾ ਟੋਪਿਕ ਦਿੰਦੇ ਹਨ ਉਸ ਤੇ ਮੰਥਨ ਕਰਨਾ ਪਵੇ। ਤੁਸੀਂ ਲਿਖ ਸਕਦੇ ਹੋ ਭਰਾਵੋ ਤੇ ਭੈਣੋ ਆ ਕੇ ਸਮਝੋ - ਇਕ ਗੀਤਾ ਸ਼ਾਸ਼ਤਰ ਹੈ ਗਿਆਨ ਦਾ, ਬਾਕੀ ਸਭ ਹਨ ਭਗਤੀ ਦੇ। ਗਿਆਨ ਦਾ ਸ਼ਾਸਤਰ ਇਕ ਹੀ ਹੈ ਜੋ ਪੁਰਸ਼ੋਤਮ ਸੰਗਮ ਯੁੱਗ ਤੇ ਬੇਹੱਦ ਦਾ ਬਾਪ ਪਰਮਪਿਤਾ ਪਰਮਾਤਮਾ ਤ੍ਰਿਮੂਰਤੀ ਸ਼ਿਵ ਸੁਣਾਉਂਦੇ ਹਨ ਜਾਂ ਤੇ ਲਿਖਣਾ ਹੈ ਬ੍ਰਹਮਾ ਦੁਆਰਾ ਸੁਣਾ ਰਹੇ ਹਨ, ਜਿਸ ਨਾਲ 21 ਜਨਮ ਸਦਗਤੀ ਹੋਵੇਗੀ। ਗਿਆਨ ਦੀ ਗੀਤਾ ਨਾਲ 21 ਜਨਮ ਦਾ ਵਰਸਾ ਮਿਲਦਾ ਹੈ ਫਿਰ 63 ਜਨਮ ਭਗਤੀ ਦੀ ਗੀਤਾ ਚਲਦੀ ਹੈ ਜੋ ਮਨੁੱਖ ਦਵਾਰਾ ਸੁਣਾਈ ਹੋਈ ਹੈ। ਬਾਪ ਤਾਂ ਰਾਜਯੋਗ ਸਿਖਾ ਕੇ ਸਦਗਤੀ ਕਰ ਦਿੰਦੇ ਹਨ। ਫਿਰ ਸੁਣਨ ਦੀ ਲੋੜ ਨਹੀਂ ਰਹਿੰਦੀ, ਇਸ ਗਿਆਨ ਦੀ ਗੀਤਾ ਨਾਲ ਦਿਨ ਹੋ ਜਾਂਦਾ ਹੈ। ਇਹ ਗਿਆਨ ਦਾ ਸਾਗਰ ਬਾਪ ਹੀ ਸੁਣਾਉਂਦੇ ਹਨ, ਜਿਸ ਨਾਲ 21 ਜਨਮ ਸਦਗਤੀ ਹੋ ਜਾਂਦੀ ਹੈ ਮਤਲਬ 100 ਪ੍ਰਤੀਸ਼ਤ ਪਵਿੱਤਰਤਾ ਸੁਖ ਸ਼ਾਂਤੀ ਦਾ ਅਟੱਲ ਅਖੰਡ ਸਤਿਯੁੱਗੀ ਦੇਵੀ ਸਵਰਾਜ ਮਿਲਦਾ ਹੈ। 21 ਜਨਮਾਂ ਦੇ ਲਈ ਚੜਦੀ ਕਲਾ ਹੁੰਦੀ ਹੈ। ਮਨੁੱਖਾਂ ਦੀ ਬਣਾਈ ਹੋਈ ਗੀਤਾ ਨਾਲ ਉਤਰਦੀ ਕਲ਼ਾ ਹੀ ਹੁੰਦੀ ਹੈ। ਭਗਤੀ ਦੀ ਗੀਤਾ ਅਤੇ ਗਿਆਨ ਦੀ ਗੀਤਾ ਤੇ ਚੰਗੀ ਤਰ੍ਹਾਂ ਵਿਚਾਰ ਸਾਗਰ ਮੰਥਨ ਕਰਨਾ ਹੈ। ਇਹ ਮੂਲ ਗੱਲ਼ ਹੈ ਜੋ ਮਨੁੱਖ ਨਹੀਂ ਜਾਣਦੇ। ਤੁਸੀਂ ਲਿਖਦੇ ਹੋ ਤ੍ਰਿਮੂਰਤੀ ਸ਼ਿਵ ਜਯੰਤੀ ਸੋ ਸ਼੍ਰੀਮਤ ਭਾਗਵਤ ਗੀਤਾ ਜਯੰਤੀ ਸੋ ਸਰਵ ਦੀ ਸਦਗਤੀ ਭਵੰਤੀ। ਇਹ ਵੀ ਸੁਣਾ ਸਕਦੇ ਹੋ ਕਿ ਸ਼ਿਵ ਜਯੰਤੀ ਸੋ ਵਿਸ਼ਵ ਵਿਚ ਸ਼ਾਂਤੀ ਭਵੰਤੀ। ਮੁੱਖ ਅੱਖਰ ਬਹੁਤ ਜਰੂਰੀ ਹੈ, ਜਿਸ ਤੇ ਹੀ ਸਾਰਾ ਮਦਾਰ ਹੈ। ਤੁਸੀਂ ਸਭ ਨੂੰ ਦਸ ਸਕਦੇ ਹੋ ਕਿ ਮਨੁੱਖ, ਮਨੁੱਖ ਦੀ ਸਦਗਤੀ ਕਰ ਨਹੀਂ ਸਕਦੇ। ਭਗਵਾਨ ਸਦਗਤੀ ਕਰਨ ਆਉਂਦੇ ਹਨ- ਪੁਰਸ਼ੋਤਮ ਸੰਗਮਯੁੱਗ ਤੇ, ਜੋ ਹੁਣ ਹੋ ਰਹਿ ਹੈ। ਇਹ ਦੋ ਤਿੰਨ ਪੁਆਇੰਟ ਮੁੱਖ ਹਨ। ਸ਼ਿਵ ਅਤੇ ਕ੍ਰਿਸ਼ਨ ਦੀ ਗੀਤਾ ਦਾ ਕੰਟ੍ਰਾਸਟ ਤਾਂ ਹੈ ਹੀ। ਤ੍ਰਿਮੂਰਤੀ ਸ਼ਿਵ ਭਗਵਾਨ ਤੋਂ ਸੰਗਮ ਤੇ ਗੀਤਾ ਸੁਣਨ ਨਾਲ ਸਦਗਤੀ ਹੁੰਦੀ ਹੈ। ਇਹੋ ਜਿਹੇ ਪੁਆਇੰਟਸ ਜਦੋਂ ਕੋਈ ਵਿਚਾਰ ਸਾਗਰ ਮੰਥਨ ਕਰੇ ਤਾਂ ਹੋਰਾਂ ਤੇ ਵੀ ਅਸਰ ਪਵੇ। ਮਨੁੱਖ, ਮਨੁੱਖ ਦੀ ਸਦਗਤੀ ਕਦੇ ਕਰ ਨਹੀਂ ਸਕਦੇ। ਸਿਰਫ਼ ਇੱਕ ਤ੍ਰਿਮੂਰਤੀ ਪਰਮਪਿਤਾ ਪਰਮਾਤਮਾ ਸ਼ਿਵ ਜੋ ਟੀਚਰ ਵੀ ਹਨ, ਸਤਿਗੁਰੂ ਵੀ ਹਨ, ਉਹ ਇਸ ਪੁਰਸ਼ੋਤਮ ਸੰਗਮਯੁੱਗ ਤੇ ਸਭ ਦੀ ਸਦਗਤੀ ਕਰ ਰਹੇ ਹਨ। ਕਾਰਡ ਵਿੱਚ ਥੋੜ੍ਹੀ ਲਿਖਤ ਹੀ ਹੋਵੇ। ਉਪਰ ਲਿਖ ਦੇਣਾ ਚਾਹੀਦਾ ਹੈ ਕਿ ਕਲਯੁੱਗੀ ਕੋਡੀ ਵਰਗੇ ਪਤਿਤ ਮਨੁੱਖ ਤੋਂ ਸਤਿਯੁੱਗੀ ਹੀਰੇ ਵਰਗੇ ਦੇਵੀ - ਦੇਵਤਾ ਬਣਨ ਦਾ ਇਸ਼ਵਰੀਏ ਨਿਮੰਤਰਣ। ਇਵੇਂ ਲਿਖਣ ਨਾਲ ਮਨੁੱਖ ਖੁਸ਼ੀ ਨਾਲ ਆਉਣਗੇ - ਸਮਝਣ ਦੇ ਲਈ। ਸਦਗਤੀ ਦਾਤਾ ਬਾਪ ਦੀ ਹੀ ਸ਼ਿਵ ਜਯੰਤੀ ਮਨਾਈ ਜਾਂਦੀ ਹੈ। ਇੱਕਦਮ ਸਾਫ਼ ਅੱਖਰ ਹੋਣ, ਮਨੁੱਖ ਤਾਂ ਭਗਤੀ ਮਾਰਗ ਵਿੱਚ ਕਿੰਨੇ ਢੇਰ ਸ਼ਾਸਤਰ ਪੜ੍ਹਦੇ ਹਨ। ਮੱਥਾ ਮਾਰਦੇ ਹਨ। ਇਥੇ ਇਕ ਸੈਕਿੰਡ ਵਿੱਚ ਬੇਹੱਦ ਦੇ ਬਾਪ ਤੋਂ ਮੁਕਤੀ - ਜੀਵਨਮੁਕਤੀ ਮਿਲਦੀ ਹੈ। ਜਦੋਂ ਬਾਪ ਦਾ ਬਣ ਕੇ ਉਨ੍ਹਾਂ ਤੋ ਨਾਲੇਜ ਲੈਂਦੇ ਹਾਂ ਤਾਂ ਉਨ੍ਹਾਂ ਤੋ ਜੀਵਨਮੁਕਤੀ ਜਰੂਰ ਮਿਲੇਗੀ। ਪਹਿਲੇ ਮੁੱਕਤੀ ਵਿੱਚ ਜਾ ਕੇ ਜਿਵੇਂ ਦਾ ਪੁਰਸ਼ਾਰਥ ਕੀਤਾ ਹੋਵੇਗਾ, ਅਜਿਹੇ ਜੀਵਨਮੁਕਤੀ ਵਿੱਚ ਜ਼ਰੂਰ ਆਉਣਗੇ। ਜੀਵਨਮੁਕਤੀ ਮਿਲਦੀ ਜ਼ਰੂਰ ਹੈ ਫਿਰ ਸ਼ੁਰੂ ਵਿਚ ਆਏ ਜਾਂ ਪਿੱਛੋਂ ਆਏ। ਪਹਿਲੇ ਜੀਵਨਮੁਕਤੀ ਵਿੱਚ ਆਉਂਦੇ ਹਨ, ਫਿਰ ਜੀਵਨਬੰਧ ਵਿਚ। ਇਸ ਤਰ੍ਹਾਂ ਦੇ ਮੁੱਖ ਪੁਆਇੰਟ ਜੇਕਰ ਧਾਰਨ ਕਰੀਏ ਤਾਂ ਵੀ ਬਹੁਤ ਸਾਰੀ ਸਰਵਿਸ ਕਰ ਸਕਦੇ ਹਾਂ। ਜੇਕਰ ਬਾਪ ਨੂੰ ਜਾਣਦੇ ਹੋ ਤਾਂ ਦੂਸਰਿਆਂ ਨੂੰ ਵੀ ਪਰੀਚੇ ਦੇਵੋ। ਕਿਸੇ ਨੂੰ ਪਰੀਚੇ ਨਹੀਂ ਦਿੱਤਾ ਤਾਂ ਸਮਝੋ ਗਿਆਨ ਨਹੀਂ ਹੈ। ਸਮਝਾਨੀ ਤਾਂ ਦਿੱਤੀ ਜਾਂਦੀ ਹੈ ਪਰ ਤਕਦੀਰ ਵਿੱਚ ਨਹੀਂ ਹੈ, ਕਲਿਆਣਕਾਰੀ ਬਾਪ ਦੇ ਬੱਚੇ ਹੋ ਤਾਂ ਕਲਿਆਣ ਕਰਨਾ ਚਾਹੀਦਾ ਹੈ। ਨਹੀਂ ਤਾਂ ਬਾਪ ਸਮਝਣਗੇ ਇਹ ਸਿਰਫ ਕਹਿਣ ਮਾਤਰ ਹੀ ਹਨ ਕਿ ਅਸੀਂ ਸ਼ਿਵਬਾਬਾ ਦੇ ਬੱਚੇ ਹਾਂ। ਕਲਿਆਣ ਤਾਂ ਕਰਦੇ ਨਹੀਂ। ਅਮੀਰ ਅਤੇ ਗਰੀਬ ਕਲਿਆਣ ਤਾਂ ਸਭ ਦਾ ਕਰਨਾ ਹੈ। ਪ੍ਰੰਤੂ ਪਹਿਲੇ ਗਰੀਬ ਗਿਆਨ ਲੈਣਗੇ ਕਿਉਂਕਿ ਉਨ੍ਹਾਂ ਨੂੰ ਫੁਰਸਤ ਹੈ। ਡਰਾਮੇ ਵਿੱਚ ਨੂੰਧ ਹੀ ਇਸ ਤਰ੍ਹਾਂ ਹੈ। ਇਕ ਅਮੀਰ ਜੇਕਰ ਹੁਣੇ ਆ ਜਾਵੇ ਤੇ ਉਸਦੇ ਪਿੱਛੇ ਢੇਰ ਆ ਜਾਣ। ਹੁਣ ਜੇਕਰ ਮਹਿਮਾ ਨਿਕਲੇ ਤਾਂ ਢੇਰਾਂ ਦੇ ਢੇਰ ਆ ਜਾਣ।

ਤੁਹਾਡਾ ਹੈ ਇਸ਼ਵਰੀਏ ਮਰਤਬਾ। ਤੁਸੀਂ ਆਪਣਾ ਵੀ ਅਤੇ ਦੂਜਿਆਂ ਦਾ ਵੀ ਕਲਿਆਣ ਕਰਦੇ ਹੋ। ਜੋ ਆਪਣਾ ਹੀ ਕਲਿਆਣ ਨਹੀਂ

ਕਰਦੇ ਤਾਂ ਹੋਰਾਂ ਦਾ ਵੀ ਕਰ ਨਹੀਂ ਸਕਦੇ। ਬਾਪ ਤਾਂ ਹੈ ਕਲਿਆਣਕਾਰੀ, ਸਭ ਦਾ ਸਾਦਗਤੀ ਦਾਤਾ। ਤੁਸੀਂ ਵੀ ਮਦਦਗਾਰ ਹੋ ਨਾ। ਤੁਸੀਂ ਜਾਣਦੇ ਹੋ ਉਹ ਹੈ ਭਗਤੀ ਮਾਰਗ ਦੀ ਦਸ਼ਾ। ਸਦਗਤੀ ਮਾਰਗ ਦੀ ਦਸ਼ਾ ਇਕ ਹੀ ਹੈ। ਜੋ ਚੰਗੀ ਤਰ੍ਹਾਂ ਪੜ੍ਹਦੇ ਅਤੇ ਪੜ੍ਹਾਉਂਦੇ ਹਨ ਉਨ੍ਹਾਂ ਤੇ ਬ੍ਰਿਹਿਸਪਤੀ ਦੀ ਦਸ਼ਾ ਹੈ। ਉਨ੍ਹਾਂਨੂੰ ਮਹਾਂਰਥੀ ਕਹਾਂਗੇ। ਆਪਣੇ ਦਿਲ ਤੋਂ ਪੁੱਛੋ ਅਸੀਂ ਮਹਾਂਰਥੀ ਹਾਂ। ਫ਼ਲਾਣੇ-ਫ਼ਲਾਣੇ ਦੀ ਤਰ੍ਹਾਂ ਸਰਵਿਸ ਕਰਦੇ ਹਾਂ। ਪਿਆਦੇ ਕਦੇ ਕਿਸੇ ਨੂੰ ਗਿਆਨ ਸੁਣਾ ਨਹੀਂ ਸਕਦੇ। ਜੇਕਰ ਕਿਸੇ ਦਾ ਕਲਿਆਣ ਨਹੀਂ ਕਰਦੇ ਤਾਂ ਤੁਸੀਂ ਕਲਿਆਣਕਾਰੀ ਬਾਪ ਦੇ ਬੱਚੇ ਕਿਵੇਂ ਕਹਾਉਗੇ। ਬਾਪ ਤਾਂ ਪੂਰਸ਼ਾਰਥ ਹੀ ਕਰਵਾਉਣਗੇ ਇਸ ਯੱਗ ਦੀ ਸੇਵਾ ਵਿੱਚ ਹੱਡੀ ਵੀ ਦੇਣੀ ਚਾਹੀਦੀ ਹੈ। ਬਾਕੀ ਸਿਰਫ਼ ਖਾਣਾ ਪੀਣਾ ਜਾਂ ਸੌਣਾ ਉਹ ਕੀ ਸਰਵਿਸ ਹੋਈ। ਇਵੇਂ ਤਾਂ ਜਾਕੇ ਪ੍ਰਜਾ ਵਿੱਚ ਦਾਸ ਦਾਸੀ ਬਣੋਗੇ। ਬਾਪ ਤਾਂ ਕਹਿੰਦੇ ਹਨ ਪੁਰਸ਼ਾਰਥ ਕਰਕੇ ਨਰ ਤੋਂ ਨਰਾਇਣ ਬਣੋ। ਸਪੂਤ ਬਚਿਆਂ ਨੂੰ ਵੇਖ ਕੇ ਬਾਪ ਵੀ ਖੁਸ਼ ਹੋਣਗੇ। ਲੌਕਿਕ ਬਾਪ ਵੀ ਦੇਖਦੇ ਹਨ ਇਹ ਤਾਂ ਬਹੁਤ ਚੰਗਾ ਮਰਤਬਾ ਪਾਉਣ ਵਾਲਾ ਹੈ। ਤਾਂ ਦੇਖ ਕੇ ਖੁਸ਼ ਹੋਣਗੇ। ਪਾਰਲੌਕਿਕ ਬਾਪ ਵੀ ਇਵੇਂ ਕਹਿੰਦੇ ਹਨ। ਬੇਹੱਦ ਦਾ ਬਾਪ ਵੀ ਕਹਿੰਦੇ ਹਨ ਮੈਂ ਤੁਹਾਨੂੰ ਵਿਸ਼ਵ ਦਾ ਮਾਲਿਕ ਬਨਾਉਣ ਆਇਆ ਹਾਂ। ਹੁਣ ਤੁਸੀਂ ਦੂਜਿਆਂ ਨੂੰ ਵੀ ਬਣਾਓ। ਬਾਕੀ ਸਿਰਫ਼ ਪੇਟ ਦੀ ਪੂਜਾ ਕਰਨ ਨਾਲ ਕੀ ਲਾਭ ਹੋਵੇਗਾ। ਸਭ ਨੂੰ ਸਿਰਫ ਇਹ ਹੀ ਦੱਸੋ ਕਿ ਸ਼ਿਵਬਾਬਾ ਨੂੰ ਯਾਦ ਕਰੋ। ਭੋਜਨ ਵੇਲੇ ਵੀ ਇੱਕ ਦੂਸਰੇ ਨੂੰ ਬਾਪ ਦੀ ਯਾਦ ਦਵਾਓ ਤਾਂ ਸਾਰੇ ਕਹਿਣਗੇ ਇਨ੍ਹਾਂ ਦੀ ਸ਼ਿਵਬਾਬਾ ਨਾਲ ਬੜੀ ਪ੍ਰੀਤ ਹੈ। ਇਹ ਤਾਂ ਸੌਖਾ ਹੈ ਨਾ। ਇਸ ਵਿਚ ਕੀ ਨੁਕਸਾਨ ਹੈ। ਆਦਤ ਪੈ ਜਾਵੇਗੀ ਤਾਂ ਖਾਂਦੇ ਵੀ ਰਹਿਣਗੇ ਅਤੇ ਸ਼ਿਵਬਾਬਾ ਨੂੰ ਵੀ ਯਾਦ ਕਰਦੇ ਰਹਿਣਗੇ।

ਦੈਵੀ ਗੁਣ ਵੀ ਜ਼ਰੂਰ ਧਾਰਨ ਕਰਨੇ ਹਨ। ਹਾਲੇ ਤਾਂ ਸਾਰੇ ਬੁਲਾਉਂਦੇ ਹਨ ਹੇ ਪਤਿਤ ਪਵਨ ਆਓ ਤਾਂ ਸਾਰੇ ਪਤਿਤ ਹਨ। ਸ਼ੰਕਰਾਚਾਰੀਆ ਵੀ ਸ਼ਿਵ ਨੂੰ ਯਾਦ ਕਰਦੇ ਹਨ ਕਿਉਂਕਿ ਉਹ ਹੀ ਪਤਿਤ ਪਵਨ ਹਨ। ਅੱਧਾ ਕਲਪ ਭਗਤੀ ਕਰਦੇ ਹਨ, ਫਿਰ ਭਗਵਾਨ ਆਉਂਦੇ ਹਨ, ਕਿਸੇ ਨੂੰ ਹਿਸਾਬ ਥੋੜ੍ਹੀ ਹੀ ਪਤਾ ਹੈ। ਬਾਪ ਸਮਝਾਉਂਦੇ ਹਨ- ਯੱਗ, ਤਪ, ਦਾਨ ਆਦਿ ਨਾਲ ਮੈਂ ਨਹੀਂ ਮਿਲਦਾ ਹਾਂ, ਇਸ ਵਿਚ ਗੀਤਾ ਵੀ ਆ ਜਾਂਦੀ ਹੈ। ਇਹ ਸ਼ਾਸਤਰ ਆਦਿ ਪੜ੍ਹਨ ਨਾਲ ਕਿਸੇ ਦੀ ਸਦਗਤੀ ਨਹੀਂ ਹੁੰਦੀ ਹੈ। ਗੀਤਾ ਵੇਦ ਉਪਨਿਸ਼ਦ ਸਬ ਹਨ ਭਗਤੀ ਮਾਰਗ ਦੇ। ਬਾਪ ਤਾਂ ਬੱਚਿਆਂ ਨੂੰ ਸਹਿਜ ਰਾਜਯੋਗ ਅਤੇ ਗਿਆਨ ਸਿਖਾਉਂਦੇ ਹਨ ਜਿਸ ਨਾਲ ਰਾਜਾਈ ਪ੍ਰਾਪਤ ਕਰਵਾਉਂਦੇ ਹਨ। ਇਸ ਦਾ ਨਾਮ ਹੀ ਹੈ ਰਾਜਯੋਗ। ਇਸ ਵਿਚ ਕਿਤਾਬ ਦੀ ਕੋਈ ਗੱਲ ਨਹੀਂ। ਟੀਚਰ ਸਟੱਡੀ ਕਰਵਾਉਂਦੇ ਹਨ - ਪਦਵੀ ਪ੍ਰਾਪਤ ਕਰਵਾਉਣ ਦੇ ਲਈ, ਤਾਂ ਫਾਲੋ ਕਰਨਾ ਚਾਹੀਦਾ ਹੈ। ਸਭ ਨੂੰ ਕਹੋ ਸ਼ਿਵਬਾਬਾ ਨੂੰ ਯਾਦ ਕਰੋ। ਉਹ ਸਾਡਾ ਸਭ ਆਤਮਾਵਾਂ ਦਾ ਬਾਪ ਹੈ। ਸ਼ਿਵਬਾਬਾ ਨੂੰ ਯਾਦ ਕਰਨ ਨਾਲ ਵਿਕਰਮ ਵਿਨਾਸ਼ ਹੋਣਗੇ। ਇਕ ਦੂਸਰੇ ਨੂੰ ਸਾਵਧਾਨ ਕਰ ਉਨਤੀ ਨੂੰ ਪਾਉਣਾ ਹੈ। ਜਿਨ੍ਹਾਂ ਯਾਦ ਕਰੋਗੇ ਉਤਨਾ ਆਪਣਾ ਹੀ ਕਲਿਆਣ ਹੈ। ਯਾਦ ਦੀ ਯਾਤਰਾ ਨਾਲ ਸਾਰੇ ਵਿਸ਼ਵ ਨੂੰ ਪਵਿੱਤਰ ਬਣਾਵਾਂਗੇ। ਯਾਦ ਵਿੱਚ ਰਹਿ ਕੇ ਭੋਜਨ ਬਣਾਓ ਤਾਂ ਉਸ ਵਿੱਚ ਵੀ ਤਾਕਤ ਆ ਜਾਵੇਗੀ ਇਸਲਈ ਤੁਹਾਡੇ ਬ੍ਰਹਮਾ ਭੋਜਨ ਦੀ ਬੜੀ ਮਹਿਮਾ ਹੈ। ਇਹ ਭਗਤ ਲੋਕ ਭੋਗ ਲਗਾਉਂਦੇ ਹਨ ਤਾਂ ਰਾਮ - ਰਾਮ ਕਹਿੰਦੇ ਰਹਿੰਦੇ ਹਨ। ਰਾਮ ਨਾਮ ਦਾ ਦਾਨ ਦਿੰਦੇ ਹਨ। ਤੁਹਾਨੂੰ ਤਾਂ ਬੁੱਧੀ ਵਿੱਚ ਘੜੀ- ਘੜੀ ਬਾਪ ਦੀ ਯਾਦ ਰੱਖਣੀ ਚਾਹੀਦੀ ਹੈ। ਬੁੱਧੀ ਵਿੱਚ ਸਾਰਾ ਦਿਨ ਗਿਆਨ ਰਹਿਣਾ ਚਾਹੀਦਾ ਹੈ। ਬਾਪ ਦੇ ਕੋਲ ਸਾਰੀ ਰਚਨਾ ਦੇ ਆਦਿ - ਮੱਧ - ਅੰਤ ਦਾ ਗਿਆਨ ਹੈ ਨਾ। ਉੱਚੇ ਤੋਂ ਉੱਚੇ ਬਾਪ ਹਨ, ਤੁਸੀ ਉਹਨਾਂ ਨੂੰ ਯਾਦ ਕਰੋਗੇ ਤਾਂ ਉੱਚੀ ਪਦਵੀ ਪ੍ਰਾਪਤ ਕਰੋਗੇ। ਫਿਰ ਦੂਸਰੇ ਕਿਸੇਨੂੰ ਯਾਦ ਹੀ ਕਿਓਂ ਕਰੀਏ। ਬਾਪ ਕਹਿੰਦੇ ਹਨ ਸਿਰਫ ਮੈਨੂੰ ਯਾਦ ਕਰੋ ਤਾਂ ਦੂਸਰੇ ਸਭ ਛੱਡਣੇ ਪੈਂਦੇ ਹਨ। ਇਹ ਹੈ ਅਵਿਭਚਾਰੀ ਯਾਦ। ਜੇਕਰ ਯਾਦ ਨਹੀਂ ਆਉਂਦੀ ਤਾਂ ਗੰਢ ਬੰਨ ਲਓ ਆਪਣੀ ਉੱਨਤੀ ਦੇ ਲਈ ਉੱਚ ਪਦਵੀ ਪਾਉਣ ਲਈ ਪੁਰਸ਼ਾਰਥ ਜਰੂਰ ਕਰਨਾ ਹੈ। ਸਾਨੂੰ ਵੀ ਟੀਚਰ ਬਨਾਉਣ ਵਾਲਾ ਸ਼ਿਵਬਾਬਾ ਸਾਡਾ ਟੀਚਰ ਹੈ। ਤੁਸੀਂ ਸਾਰੇ ਪਾਂਡੇ ਹੋ ਨਾ, ਪੰਡਿਆਂ ਦਾ ਕੰਮ ਹੈ ਰਸਤਾ ਦੱਸਣਾ। ਇਨ੍ਹਾਂ ਸਾਰਾ ਗਿਆਨ ਪਹਿਲਾਂ ਥੋੜ੍ਹੀ ਹੀ ਤੁਹਾਡੇ ਵਿੱਚ ਸੀ। ਸਾਰੇ ਕਹਿੰਦੇ ਹਨ ਪਹਿਲਾਂ ਤਾਂ ਸਿਰਫ ਪਾਈ ਪੈਸੇ ਦੀ ਪੜਾਈ ਸੀ। ਸੋ ਤਾਂ ਜਰੂਰ ਹੋਵੇਗਾ। ਡਰਾਮਾ ਮੁਤਾਬਿਕ ਕਲਪ ਪਹਿਲੇ ਦੀ ਤਰ੍ਹਾਂ ਪੜ੍ਹਦੇ ਰਹਿੰਦੇ ਹਨ। ਫਿਰ ਕਲਪ ਤੋਂ ਬਾਅਦ ਵੀ ਇਵੇਂ ਹੀ ਪੜ੍ਹਨਗੇ। ਪਿੱਛੋਂ ਤੁਹਾਨੂੰ ਸਭ ਸਾਖਸ਼ਾਤਕਾਰ ਹੋਣਗੇ। ਸਾਖਸ਼ਾਤਕਾਰ ਹੋਣ ਵਿੱਚ ਦੇਰ ਨਹੀਂ ਲਗਦੀ ਹੈ। ਬਾਬਾ ਨੂੰ ਜਲਦੀ - ਜਲਦੀ ਸਾਖਸ਼ਾਤਕਾਰ ਹੁੰਦੇ ਗਏ। ਫਲਾਣਾ - ਫਲਾਣਾ ਰਾਜਾ ਬਣੇਗਾ, ਇਹ ਡਰੈੱਸ ਹੋਵੇਗੀ। ਸ਼ੁਰੂ ਵਿਚ ਬੱਚਿਆਂ ਨੂੰ ਬਹੁਤ ਸਾਖਸ਼ਤਕਾਰ ਹੁੰਦੇ ਸਨ। ਫਿਰ ਅੰਤ ਵਿਚ ਬਹੁਤ ਹੋਣਗੇ। ਅੱਛਾ।

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ**:-**

1. ਭੋਜਨ ਤੇ ਇਕ ਦੂਸਰੇ ਨੂੰ ਬਾਪ ਦੀ ਯਾਦ ਕਰਵਾਓ, ਯਾਦ ਵਿੱਚ ਭੋਜਨ ਖਾਓ। ਇਕ ਸ਼ਿਵਬਾਬਾ ਨਾਲ ਹੀ ਸੱਚੀ ਪ੍ਰੀਤ ਰੱਖੋ।

2. ਯੱਗ ਸੇਵਾ ਵਿੱਚ ਹੱਡੀਆਂ ਦੇਣੀਆਂ ਹਨ। ਬਾਪ ਦਾ ਪੂਰਾ ਮਦਦਗਾਰ ਬਣਨਾ ਹੈ।

ਸਭ ਗੋਪ ਗੋਪੀਆਂ ਪ੍ਰਤੀ ਮਤੇਸ਼ਵਰੀ ਜੀ ਦੇ ਹੱਥਾਂ ਨਾਲ ਲਿਖਿਆ ਹੋਇਆ ਯਾਦ ਪਤ੍ਰ **(1961 )**

ਸਭ ਗੋਪ - ਗੋਪੀਆਂ ਪ੍ਰਤੀ ਅਤੀ ਯਾਦਪਿਆਰ।

ਬਾਦ ਸਮਾਚਾਰ ਕਿ ਤੁਸੀ ਸਭ ਗ੍ਰਹਿਸਤ ਵਿਵਹਾਰ ਵਿਚ ਰਹਿੰਦੇ ਕਮਲ ਫੁੱਲ ਸਮਾਨ ਆਪਣੀ ਜੀਵਨ ਵਿੱਚ ਸਫਲਤਾ ਨੂੰ ਪਾਉਂਦੇ ਰਹਿੰਦੇ ਹੋ ਨਾ! ਲਾਡਲੇ ਗੋਪ ਤਾਂ ਹੁਣ ਸਰਵਿਸ ਨੂੰ ਚੰਗੀ ਤਰ੍ਹਾਂ ਉਠਾਉਣ ਦੇ ਪੁਰਸ਼ਾਰਥ ਵਿੱਚ ਲੱਗ ਗਏ ਹਨ, ਬਹੁਤ ਚੰਗਾ ਹੈ। ਆਖਿਰ ਵੀ ਆਪਣੇ ਪਰਮ ਪੁੱਜੀਏ ਬਾਪ ਦਾ ਪਰਿਚੈ ਸਭ ਨੂੰ ਮਿਲਣਾ ਹੀ ਹੈ। ਇਹ ਤਾਂ ਜਾਣਦੇ ਹੋ ਕਿ ਇਸ ਉੱਚ ਪ੍ਰਾਪਤੀ ਨੂੰ ਕੋਟਾਂ ਵਿੱਚੋ ਕੋਈ ਹੀ ਪਾ ਸਕਣਗੇ, ਪ੍ਰੰਤੂ ਅਜਿਹੇ ਫੁੱਲ ਜਰੂਰ ਨਿਕਲਣਗੇ ਤੇ ਨਾ! ਅੱਛਾ, ਤੇਜ ਗਤੀ ਨਾਲ ਸਰਵਿਸ ਨੂੰ ਵਧਾਉਂਦੇ ਜਾਵੋ। ਖਜਾਨਾ ਅਵਿਨਾਸ਼ੀ ਗਿਆਨ ਧਨ ਦਾ ਤੇ ਬਹੁਤ ਅਨੋਖਾ ਹੈ, ਅਖੁਟ ਹੈ, ਜੋ ਬਾਪ ਦਵਾਰਾ ਸਭ ਬੱਚਿਆਂ ਨੂੰ ਮਿਲਦਾ ਹੀ ਰਹਿੰਦਾ ਹੈ। ਕੋਈ ਇਸ ਨੂੰ ਪ੍ਰਾਪਤ ਕਰ ਲਵੇ ਤਾਂ ਜਨਮ - ਜੰਮੰਤਰ ਦੇ ਲਈ ਮਾਲਾਮਾਲ ਬਣ ਜਾਵੇ, ਇਹ ਚੀਜ ਹੀ ਅਜਿਹੀ ਹੈ। ਕਹੋ, ਲਾਡਲੇ ਗੋਪ - ਗੋਪੀਓ ਠੀਕ ਗੱਲ ਹੈ ਨਾ।

ਤੁਸੀਂ ਸਭ ਗੋਪ - ਗੋਪੀਆਂ ਅਤਿੰਦਰੀਏ ਸੁਖਮਈ ਜੀਵਨ ਬਿਤਾਉਂਦੇ ਚਲਦੇ ਚੱਲੋ। ਦੇਖੋ ਲਾਡਲੇ ਗੋਪ, ਗੋਪੀਆਂ ਹੁਣ ਇਸ ਬ੍ਰਾਹਮਣ ਕੁਲ ਦੀ ਬ੍ਰਿਧੀ ਹੋਣ ਵਿੱਚ ਹੀ ਸਭ ਦਾ ਕਲਿਆਣ ਹੈ। ਫਿਰ ਤਾਂ ਬ੍ਰਾਹਮਣ ਸੋ ਦੇਵਤਾ ਜਰੂਰ ਬਣੋਗੇ। ਜਿਵੇਂ ਕੋਈ ਆਪਣੇ ਗ੍ਰਹਿਸਤ ਵਿਵਹਾਰ ਵਿਚ ਰਹਿੰਦੇ ਵੀ ਬ੍ਰਾਹਮਣ ਕੁਲਵੰਸ਼ੀ ਬਣ ਕੇ ਚੱਲ ਰਹੇ ਹਨ ਮਤਲਬ ਗ੍ਰਹਿਸਤ ਵਿਵਹਾਰ ਵਿਚ ਰਹਿੰਦੇ ਪਵਿਤ੍ਰ ਰਹਿੰਦੇ ਹਨ, ਅਸੀਂ ਇੱਕ ਬਾਪ ਦੇ ਬੱਚੇ ਹਾਂ, ਇਵੇਂ ਪਵਿਤ੍ਰ ਧਾਰਨਾ ਵਿੱਚ ਰਹਿੰਦੇ ਹਨ। ਬਾਕੀ ਸਭ ਨੂੰ ਉਸ ਪਰਮਪਿਤਾ ਪਰਮਾਤਮਾ ਦੀ ਡਾਇਰੈਕਸ਼ਨ ਤੇ ਹੀ ਚਲਣਾ ਹੈ, ਇਸ ਨੂੰ ਹੀ ਸ਼੍ਰੀਮਤ ਤੇ ਚਲਣਾ ਕਿਹਾ ਜਾਂਦਾ ਹੈ। ਅਜਿਹੀ ਧਾਰਨਾ ਵਿੱਚ ਚੱਲਣ ਵਾਲਿਆਂ ਨੂੰ ਹੀ ਬ੍ਰਾਹਮਣ ਕੁਲਵੰਸ਼ੀ ਕਿਹਾ ਜਾਂਦਾ ਹੈ। ਜਦਕਿ ਹੁਣ ਉਹ ਹੀ ਬਾਪ, ਟੀਚਰ, ਸਤਿਗੁਰੂ ਬਣਿਆ ਹੈ, ਧਰਮਰਾਜ ਵੀ ਹੈ, ਤਾਂ ਕਿਓਂ ਨਹੀਂ ਉਨ੍ਹਾਂ ਦੀ ਗੋਦ ਦਾ ਬੱਚਾ ਬਣਕੇ ਆਪਣਾ ਪੂਰਨ ਪਵਿਤ੍ਰਤਾ ਦਾ ਅਧਿਕਾਰ ਲੈ ਲੈਣਾ ਚਾਹੀਦਾ ਹੈ। ਜਿਸ ਨਾਲ ਹੀ ਭਵਿੱਖ ਵਿਚ ਸੁਖ ਸ਼ਾਂਤੀ ਦਾ ਪੂਰਾ ਅਧਿਕਾਰ ਪ੍ਰਾਲਬਧ ਰੂਪ ਵਿਚ ਪ੍ਰਾਪਤ ਹੋ ਜਾਂਦਾ ਹੈ।

ਕਹੋ, ਲਾਡਲੇ ਗੋਪ - ਗੋਪੀਓ ਅਜਿਹੇ ਸਹਿਜ ਰਾਜ਼ ਨੂੰ ਸਮਝ ਗਏ ਹੋ ਨਾ! ਜਿਉਂਦੇ ਜੀ ਮਰਨ ਅਤੇ ਮਰਜੀਵਾ ਬਣਨ ਤੋਂ ਡਰਦੇ ਤਾਂ ਨਹੀਂ ਹੋ ਨਾ! ਅੱਜ ਇਹ ਪੱਤਰ ਹਰ ਇੱਕ ਆਪਣੇ - ਆਪਣੇ ਨਾਮ ਤੇ ਸਮਝੇ ਅਤੇ ਆਪਣਾ ਪੱਤਰ ਸਮਝਕੇ ਪੜ੍ਹੇ ਅਤੇ ਸੁਣੇ ਅਤੇ ਮਾਂ ਦਾ ਪਿਆਰ ਵੀ ਹਰ ਇੱਕ ਆਪਣਾ ਨਾਮ ਨਾਲ ਪਾਵੇ। ਹਰ ਇੱਕ ਗੋਪ - ਗੋਪੀ ਪ੍ਰਤੀ ਨਾਮ ਸਹਿਤ ਮਾਂ ਦਾ ਅਤਿਅੰਤ ਪਿਆਰ। ਅੱਛਾ, ਆਪਣਾ ਸੌਭਾਗ ਉੱਚ ਬਨਾਉਣ ਦੇ ਪੁਰਸ਼ਾਰਥ ਵਿੱਚ ਤੀਵ੍ਰ ਵੇਗ ਨਾਲ ਲੱਗੇ ਰਹਿਣਾ ਹੀ ਕਲਿਆਣਕਾਰੀ ਬਣਨਾ ਹੈ, ਜਦਕਿ ਹੁਣੇ ਪਤਾ ਲੱਗਿਆ ਹੈ ਕਿ ਖੁਦ ਪਰਮਪਿਤਾ ਉੱਚ ਵਰਸਾ ਦੇਣ ਆਇਆ ਹੈ ਤਾਂ ਲੈਕੇ ਹੀ ਰਹਿਣਾ ਹੈ। ਅੱਛਾ, ਛੁੱਟੀ ਲੈਂਦੇ ਹਾਂ। ਓਮ ਸ਼ਾਂਤੀ।

ਵਰਦਾਨ:- ਅਵਿਨਾਸ਼ੀ ਪ੍ਰਾਪਤੀ ਦੇ ਆਧਾਰ ਤੇ ਸਦਾ ਸੰਪੰਨਤਾ ਦਾ ਅਨੁਭਵ ਕਰਨ ਵਾਲੇ ਪ੍ਰਸੰਨਚਿੱਤ ਭਵ।

ਸੰਗਮਯੁੱਗ ਤੇ ਡਾਇਰੈਕਟ ਪਰਮਾਤਮ ਪ੍ਰਾਪਤੀ ਹੈ, ਵਰਤਮਾਨ ਦੇ ਅੱਗੇ ਭਵਿੱਖ ਕੁਝ ਵੀ ਨਹੀਂ ਹੈ ਇਸਲਈ ਤੁਹਾਡਾ ਗੀਤ ਹੈ ਜੋ ਪਾਉਣਾ ਸੀ ਉਹ ਪਾ ਲਿਆ.. ਇਸ ਸਮੇਂ ਦਾ ਗਾਇਨ ਹੈ ਅਪ੍ਰਾਪਤ ਨਹੀਂ ਕੋਈ ਚੀਜ ਬ੍ਰਾਹਮਣਾਂ ਦੇ ਖਜਾਨੇ ਵਿੱਚ। ਇਹ ਅਵਿਨਾਸ਼ੀ ਪ੍ਰਾਪਤੀਆਂ ਹਨ। ਇਨ੍ਹਾਂ ਪ੍ਰਾਪਤੀਆਂ ਨਾਲ ਸੰਪੰਨ ਰਹੋ ਤਾਂ ਚਲਣ ਅਤੇ ਚਿਹਰੇ ਤੋਂ ਸਦਾ ਪ੍ਰਸੰਨਤਾ ਦੀ ਵਿਸ਼ੇਸ਼ਤਾ ਵਿਖਾਈ ਦੇਵੇਗੀ। ਕੁਝ ਵੀ ਹੋ ਜਾਵੇ ਸਰਵ ਪ੍ਰਾਪਤੀਵਾਨ ਆਪਣੀ ਪ੍ਰਸੰਨਤਾ ਛੱਡ ਨਹੀਂ ਸਕਦੇ।

ਸਲੋਗਨ:- ਪਰਮਾਤਮ ਪਿਆਰ ਦੇ ਅਨੁਭਵੀ ਬਣੋ ਤਾਂ ਕੋਈ ਵੀ ਰੁਕਾਵਟ ਰੋਕ ਨਹੀਂ ਸਕਦੀ।

******

ਅਵਿਅਕਤੀ ਸਾਇਲੇਂਸ ਦਵਾਰਾ ਡਬਲ ਲਾਈਟ ਫਰਿਸ਼ਤਾ ਸਥਿਤੀ ਦਾ ਅਨੁਭਵ ਕਰੋ।

ਕੋਈ ਵੀ ਤੁਹਾਡੇ ਸਮੀਪ ਸੰਪਰਕ ਵਿਚ ਆਵੇ ਤਾਂ ਮਹਿਸੂਸ ਕਰੇ ਕਿ ਇਹ ਰੂਹਾਨੀ ਹਨ, ਅਲੌਕਿਕ ਹਨ। ਆਪਣੇ ਪੂਰਵਜਪਣ ਦੀ ਸਮ੍ਰਿਤੀ ਨਾਲ ਸਾਰੀਆਂ ਆਤਮਾਵਾਂ ਦੀ ਪਾਲਣਾ ਸ਼ਾਂਤੀ ਦੀ ਸ਼ਕਤੀ ਨਾਲ ਕਰੋ। ਤੁਹਾਡਾ ਫ਼ਰਜ਼ ਹੈ - ਅਸ਼ਾਂਤੀ ਦੇ ਵਾਯੂਮੰਡਲ ਵਿੱਚ ਆਤਮਾਵਾਂ ਨੂੰ ਸ਼ਾਂਤੀ ਦਾ ਦਾਨ ਦੇਕੇ ਉਨ੍ਹਾਂ ਵਿੱਚ ਸ਼ਾਂਤੀ ਦੀ, ਸਹਿਣਸ਼ਕਤੀ ਦੀ ਹਿੰਮਤ ਭਰਨਾ। ਇਸ ਦੇ ਲਈ ਆਪਣੀ ਵ੍ਰਿਤੀ ਦਵਾਰਾ, ਮਨਸਾ ਸ਼ਕਤੀ ਦਵਾਰਾ ਵਿਸ਼ੇਸ਼ ਸੇਵਾ ਕਰੋ। ਲਾਈਟ - ਹਾਊਸ ਬਣ ਸਰਵ ਨੂੰ ਸ਼ਾਂਤੀ ਦੀ ਲਾਈਟ ਦਵੋ।